ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਈ-ਬਲਾਕ, ਪੰਜਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ. ਨਗਰ (ਮੋਹਾਲੀ)
ਫੋਨ ਨੰ. 0172-5212345/349, ਈ-ਮੇਲ rmsa.civilworks@punjabeducation.gov.in

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.)
ਪੰਜਾਬ।

ਮੀਮੋ ਨੰ. ਸਸਅ/571291/ਸਿਵਲ ਵਰਕਸ/2025/11 1 594
ਮਿਤੀ 28 /05/2025 28/5/25

ਵਿਸ਼ਾ ਸੈਨੇਟਰੀ ਨੈਪਕਿਨ ਦੀ ਵੰਡ ਸਬੰਧੀ ਹਦਾਇਤਾਂ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ 6ਵੀਂ ਤੋਂ 12 ਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ ਸੈਨੇਟਰੀ ਨੈਪਕਿਨ ਮੁਹੱਈਆ ਕਰਵਾਉਣ ਹਿੱਤ 05 ਫਰਮਾਂ ਨੂੰ ਸਪਲਾਈ ਆਰਡਰ ਜਾਰੀ ਕੀਤਾ ਜਾ ਚੁੱਕੇ ਹੈ। ਇਹ ਨੈਪਕਿਨਜ਼ ਜਿਲ੍ਹੇ ਦੇ ਬਲਾਕ ਵਾਈਜ ਨੋਡਲ ਸਕੂਲ ਵਿਚ ਪਹੁੰਚ ਗਏ ਹਨ। ਇਹਨਾਂ ਬਲਾਕਾਂ ਦੇ ਨੋਡਲ ਸਕੂਲਾਂ ਨੂੰ ਹਦਾਇਤਾਂ ਜਾਰੀ ਕਰਨੀਆਂ ਬਣਦੀਆਂ ਹਨ, ਕਿ ਉਹ ਆਪਣੇ ਅਧੀਨ ਪੈਂਦੇ ਹਾਈ ਅਤੇ ਸੀਨੀਅਰ ਸੈਕਡੰਰੀ ਸਕੂਲਾਂ ਨੂੰ ਨਾਲ ਨੱਥੀ ਲਿਸਟ ਅਨੁਸਾਰ ਸੈਨੇਟਰੀ ਨੈਪਕਿਨਜ਼ ਵੰਡ ਦੇਣ।

1. 6ਵੀਂ ਤੋਂ 10ਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ Large size ਦੇ ਸੈਨੇਟਰੀ ਨੈਪਕਿਨ ਅਤੇ 11ਵੀਂ ਤੋਂ 12ਵੀਂ ਜਮਾਤ ਦੀਆਂ ਵਿਦਿਆਰਥਣਾਂ ਲਈ Extra Large Size ਦੇ ਸੈਨੇਟਰੀ ਨੈਪਕਿਨ ਦਿੱਤੇ ਜਾਣ।
2. ਹਰੇਕ ਪੈਕੇਟ ਵਿਚ 09 ਸੈਨੇਟਰੀ ਨੈਪਕਿਨ ਉਪਲੱਬਧ ਹਨ ਅਤੇ ਪ੍ਰਤੀ ਵਿਦਿਆਰਥਣ 06 ਪੈਕੇਟ ਮਹੁੱਈਆਂ ਕਰਵਾਏ ਜਾਣ। ਜੇਕਰ ਕਿਸੇ ਸਕੂਲ ਵਿਚ ਵਿਦਿਆਰਥਣਾਂ ਨੂੰ ਵੰਡਣ ਉਪਰੰਤ ਸੈਨੇਟਰੀ ਨੈਪਕਿਨਜ਼ ਬਚ ਜਾਂਦੇ ਹਨ ਤਾਂ ਸਕੂਲ ਮੁੱਖੀ ਇਨਾ ਨੂੰ ਸੰਭਾਲ ਕੇ ਰੱਖੇਗਾ ਅਤੇ ਪੇਪਰਾਂ ਦੌਰਾਨ ਜਾਂ ਕਿਸੇ ਐਮਰਜੈਂਸੀ ਦੀ ਸਥਿਤੀ ਵਿਚ ਇਹ ਨੈਪਕਿਨਜ਼ ਲੋੜਵੰਦ ਵਿਦਿਆਰਥਣਾਂ ਨੂੰ ਮੁਹੱਈਆ ਕਰਵਾ ਦਿੱਤੇ ਜਾਣਗੇ। ਇਹ ਦੱਸਣਯੋਗ ਹੈ ਇਹ ਸੈਨੇਟਰੀ ਨੈਪਕਿਨਜ਼ ਆਕਦਮਿਕ ਸਾਲ 2025-26ਦੀਆਂ ਪਹਿਲੀਆਂ 02 ਤਿਮਾਹੀਆਂ ਲਈ ਭੇਜੇ ਜਾ ਰਹੇ ਹਨ।
3. ਕਿਸੇ ਵੀ ਹਾਲਤ ਵਿਚ ਸਕੂਲ ਵੱਲੋਂ Loose ਸੈਨੇਟਰੀ ਨੈਪਕਿਨ ਪ੍ਰਾਪਤ ਨਾ ਕਿਤੇ ਜਾਣ।
4. ਬਲਾਕ ਨੋਡਲ ਸਕੂਲਾ ਇਹ ਯਕੀਨਾ ਬਣਾਉਣਗੇ ਕਿ ਉਨ੍ਹਾਂ ਅਧੀਨ ਸਕੂਲਾਂ ਨੂੰ ਸੈਨੇਟਰੀ ਨੈਪਕਿਨਜ਼ 02 ਦਿਨਾਂ ਦੇ ਅੰਦਰ -ਅੰਦਰ ਵੰਡ ਦਿੱਤੇ ਜਾਣ ਅਤੇ ਇਸ ਦਾ ਸਰਟੀਫਿਕੇਟ ਜਿਲ੍ਹਾ ਸਿੱਖਿਆ ਅਫਸਰ ਨੂੰ ਭੇਜ ਦਿੱਤਾ ਜਾਵੇ। ਸਮੂਹ ਜਿ.ਸਿ.ਅ (ਸੈ.ਸਿ) ਮਿਤੀ 05.05.2025 ਤੱਕ consolidated certificate ਮੁੱਖ ਦਫਤਰ ਵਿਖੇ ਈ-ਮੇਲ ਆਈ.ਡੀ civilworkspunjab@punjabeducation.gov.in ਤੇ ਭੇਜਣਗੇ ਕਿ ਉਹਨਾਂ ਦੇ ਜਿਲੇ ਵਿਚ ਸੈਨੇਟਰੀ ਨੈਪਕਿਨ ਮੁਕੰਮਲ ਰੂਪ ਵਿਚ ਵਿਦਿਆਰਥਣਾਂ ਨੂੰ ਵੰਡ ਦਿੱਤੇ ਗਏ ਹਨ ਅਤੇ ਕੋਈ ਵੀ ਮਿਡਲ, ਹਾਈ ਜਾਂ ਸੀਨੀਅਰ ਸੈਕਡੰਰੀ ਸਕੂਲ ਸੈਨੇਟਰੀ ਨੈਪਕਿਨ ਪ੍ਰਾਪਤ ਕਰਨ ਤੋਂ ਵਾਝਾਂ ਨਹੀ ਰਹਿ ਗਿਆ ਹੈ।
5. ਵਿਦਿਆਰਥਣਾਂ ਨੂੰ ਸੈਨੇਟਰੀ ਨੈਪਕਿਨ ਵੰਡਣ ਬਾਰੇ ਵੀ ਸਕੂਲ ਪੱਧਰ ਤੇ ਰਿਕਾਰਡ ਮੇਨਟੇਨ ਕੀਤਾ ਜਾਵੇ, ਤਾਂ ਜੋ Inspection ਦੌਰਾਨ ਉੱਚ ਅਧਿਕਾਰੀਆਂ ਵੱਲੋਂ ਇਸ ਨੂੰ ਚੈਕ ਕੀਤਾ ਜਾ ਸਕੇ।
6. ਹਰ ਇੱਕ ਸਕੂਲ ਵੱਲੋਂ ਪ੍ਰਾਪਤ ਕੀਤੇ ਅਤੇ ਵੰਡੇ ਗਏ ਸੈਨੀਟਰੀ ਨੈਪਕਿਨ ਦਾ ਇੰਦਰਾਜ ਅਤੇ ਇਨ੍ਹਾਂ ਦੀ feedback epunjab Portal ਉੱਤੇ ਕਰਨੀ ਯਕੀਨੀ ਬਣਾਈ ਜਾਵੇ।

28/5/25

ਡਿਪਟੀ ਐਸ.ਪੀ.ਡੀ (ਸਿਵਲ ਵਰਕਸ) ਪੰਜਾਬ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ ਜੀ-1/1 ( )2025/ 1455 ਮਿਤੀ 29.04.25

ਉਪਰੋਕਤ ਦਾ ਉਤਰ ਸਹਾਇ ਸਕੂਲ ਮੁੱਖੀਆਂ ਨੂੰ, (ਸਰਸ, ਸਸਸਸ) ਭੇਜਦੇ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਲਿਸਟ ਅਨੁਸਾਰ ਦਿੱਤੀ ਗਈ ਗਿਣਤੀ ਮੁਤਾਬਕ ਮੈਨੇਟਰੀ ਨੈਪਕਿਨਜ਼ ਵਿਦਿਆਰਥਣਾਂ ਨੂੰ ਵੰਡ ਦਿੱਤੇ ਜਾਣ ਅਤੇ ਇਸ ਦੀ ਰਿਪੋਰਟ ਮਿਤੀ : **02.05.2025** ਤੱਕ ਇਸ ਦਫਤਰ ਵੱਲੋਂ ਮਹਾਂਈ ਗਈ ਮੈਨੇਟਰੀ ਨੈਪਕਿਨ ਦੇ ਗਰੁੱਪ ਵਿਚ ਭੇਜੀ ਜਾਵੇ ਤਾਂ ਜੋ ਇਸ ਦੀ ਸੂਚਨਾ ਮੁੱਖ ਦਫਤਰ ਨੂੰ ਭੇਜੀ ਜਾ ਸਕੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।